ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:), ਪੰਜਾਬ,
ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ,
ਫੇਜ਼-8,ਐਸ.ਏ.ਐਸ.ਨਗਰ।

**ਪਬਲਿਕ ਨੋਟਿਸ**

ਸਿਖਿਆ ਵਿਭਾਗ, ਪੰਜਾਬ ਵਲੋਂ ਜਾਰੀ ਕੀਤੇ ਗਏ ਪਬਲਿਕ ਨੋਟਿਸ ਮਿਤੀ 12-1-2018 ਅਤੇ 22-1-2018, ਜੋ ਕਿ ਵਿਭਾਗ ਦੀਆਂ ਵੈਬਸਾਈਟਸ www.ssapunjab.org ਅਤੇ www.educationrecruitmentboard.com ) ਤੇ 6060 ਦੀ ਭਰਤੀ ਦੇ ਵੱਖ-ਵੱਖ ਵਿਸ਼ਿਆਂ ਅਤੇ ਖੇਤੀਬਾੜੀ ਤੇ ਸੰਸਕ੍ਰਿਤ ਦੇ ਵਿਸ਼ੇ ਦੀ ਪ੍ਰੋਵੀਜ਼ਨਲ ਸੂਚੀਆਂ ਸਮੇਤ ਅਪਲੋਡ ਕੀਤੇ ਗਏ ਸਨ, ਦੀ ਲਗਾਤਾਰਤਾ ਵਿਚ , ਸਪਸ਼ਟ ਕੀਤਾ ਜਾਂਦਾ ਹੈ ਕਿ ਮਿਤੀ 16-1-2018 ਤੋਂ ਮਿਤੀ 19-1-2018 ਤੱਕ ਅਤੇ ਮਿਤੀ 24-1-2018 ਨੂੰ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਅਤੇ ਸਟੇਸ਼ਨ ਚੋਣ ਲਈ ਬੁਲਾਇਆ ਗਿਆ ਸੀ, ਇਨ੍ਹਾਂ ਸੂਚੀਆਂ ਵਿਚੋਂ ਕੁਝ ਉਮੀਦਵਾਰ ਹਾਜ਼ਰ ਨਹੀਂ ਹੋਏ।

ਹਮਦਰਦੀ ਦਾ ਰਵਈਆ ਅਪਣਾਉਂਦੇ ਹੋਏ, ਮਿਤੀ 12-1-2018 ਅਤੇ 22-1-2018 ਨੂੰ ਅਪਲੋਡ ਕੀਤੀਆਂ ਗਈਆਂ ਸੂਚੀਆਂ ਵਿਚ ਦਰਜ਼ , ਉਹ ਉਮੀਦਵਾਰ ਜੋ ਹਾਜ਼ਰ ਨਹੀਂ ਹੋਏ , ਮਿਤੀ 30-1-2018 ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਇਸ ਦਫਤਰ ਦੀ ਅਮਲਾ-2 ਸ਼ਾਖਾ ਵਿਚ, ਆਪਣੇ ਨਾਲ ਆਪਣਾ ਆਨਲਾਈਨ ਅਪਲਾਈ ਕਰਨ ਦਾ ਸਬੂਤ, ਜਿਸ ਵਿਚ ਰਜਿਸਟਰੇਸ਼ਨ ਨੰਬਰ ਦਰਜ਼ ਹੋਵੇ ਅਤੇ ਫੋਟੋ ਪਹਿਚਾਣ ਪੱਤਰ ਲੈਕੇ ਸਟੇਸ਼ਨ ਚੋਣ ਲਈ ਹਾਜ਼ਰ ਹੋ ਸਕਦੇ ਹਨ। ਇਸ ਪ੍ਰੀਕ੍ਰਿਆ ਵਿਚ ਸਿਰਫ ਉਮੀਦਵਾਰਾਂ ਨੂੰ ਹੀ ਵਿਚਾਰਿਆ ਜਾਵੇਗਾ, ਜੇਕਰ ਕਿਸੇ ਉਮੀਦਵਾਰ ਦਾ ਕੋਈ ਵੀ ਨਜ਼ਦੀਕੀ ਰਿਸ਼ਤੇਦਾਰ ਹਾਜ਼ਰ ਹੁੰਦਾਂ ਹੈ ਤਾਂ ਉਸ ਨੂੰ ਵਿਚਾਰਿਆ ਨਹੀਂ ਜਾਵੇਗਾ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਭਰਤੀ ਪ੍ਰੀਕ੍ਰਿਆ ਦਾ ਆਖਰੀ ਮੌਕਾ ਹੈ, ਇਸ ਉਪਰੰਤ ਭਰਤੀ ਦੀ ਪ੍ਰੀਕ੍ਰਿਆ ਪੂਰਨ ਤੌਰ ਤੇ ਬੰਦ ਕਰ ਦਿੱਤੀ ਜਾਵੇਗੀ।

ਨੋਟ: ਮਿਤੀ 12-1-2018 ਵਿਚ " ਵੱਖ-ਵੱਖ ਅਖਬਾਰਾਂ ਅਤੇ ਵੈਬਸਾਈਟ ਤੇ ਜਾਰੀ ਕੀਤੇ ਪਬਲਿਕ ਨੋਟਿਸ " ਦੀ ਥਾਂ ਤੇ " ਵੱਖ-ਵੱਖ ਅਖਬਾਰਾਂ ਰਾਂਹੀ ਜਾਰੀ ਕੀਤੇ ਪਬਲਿਕ ਨੋਟਿਸ " ਪੜ੍ਹਿਆ ਜਾਵੇ।

(ਪਰਮਜੀਤ ਸਿੰਘ)
ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ ।

ਨੰ: 15/641-2017 ਅਮਲਾ-2(5)
ਮਿਤੀ, ਐਸ.ਏ.ਐਸ.ਨਗਰ: 25-1-2018